# ਆਕਾਸ਼ਵਾਣੀ ਜਲੰਧਰ

# ਪ੍ਰਦੇਸ਼ਿਕ ਖਬਰਾਂ ਪੰਜਾਬੀ

## 18:20

**ਮਿਤੀ : 31-03-2026**

## ਪਹਿਲਾਂ ਬੁਲੇਟਿਨ ਦੀਆਂ ਖਾਸ ਖਬਰਾਂ

- ਸਰਕਾਰ ਨੇ ਰਾਸ਼ਟਰੀ ਪਾਇਪਲਾਇਨ ਕੁਦਰਤੀ ਗੈਸ PNG ਮੁਹਿੰਮ ਦੇ ਦੂਜੇ ਗੇੜ੍ਹ ਨੂੰ ਇਸ ਸਾਲ 30 ਜੂਨ ਤੱਕ ਵਧਾ ਦਿੱਤਾ ਏ।

- ਕੇਂਦਰ ਸਰਕਾਰ ਨੇ ਮਾਲੀ ਸਾਲ 2025-26 ਦੌਰਾਨ ਪੰਜਾਬ ਸਮੇਤ 8 ਰਾਜਾਂ ਵਿੱਚ ਦਿਹਾਤੀ ਸਥਾਨਕ ਸੰਸਥਾਵਾਂ ਨੂੰ 15 ਵੇਂ ਵਿੱਤ ਕਮਿਸ਼ਨ ਨਾਲ ਜੁੜੀਆਂ ਗ੍ਰਾਂਟਾਂ ਜਾਰੀ ਕੀਤੀਆਂ.

- ਭਾਰਤ ਦੇ ਚੋਣ ਕਮਿਸ਼ਨਰ, ਡਾ. ਐਸ.ਐਸ. ਸੰਧੂ ਨੇ ਅੱਜ ਪੰਜਾਬ ਸੂਬੇ ਦੀ ਵਿਸ਼ੇਸ਼ ਗਹਿਨ ਸੋਧ ਦੀ ਨਿਸ਼ਾਨਦੇਹੀ ਦੇ ਅੰਕੜਿਆਂ ਦੀ ਪ੍ਰਗਤੀ ਦਾ ਜਾਇਜ਼ਾ ਲਿਆ. ਪੰਜਾਬ ਵਿਚ ਕੁੱਲ ਵੋਟਰਾਂ ਵਿੱਚੋਂ 72.26 ਫੀਸਦੀ ਦੀ ਸਫਲ ਮੈਪਿੰਗ ਕੀਤੀ ਗਈ ।

- ਪੰਜਾਬ ਸਰਕਾਰ ਦੀ ਜਲਦ ਹੀ ਪੰਜਾਬ ਪੁਲਿਸ ਦੀ ਕੁਸ਼ਲਤਾ ਵਧਾਉਣ ਲਈ ਆਰਟੀਫੀਸ਼ੀਅਲ ਇੰਟੈਲੀਜੈਂਸ ਦੀ ਵਰਤੋਂ ਸ਼ੁਰੂ ਕਰਨ ਦੀ ਯੋਜਨਾ. 508 ਹੰਗਾਮੀ ਪ੍ਰਤੀਕਰਮ ਵਾਹਨਾਂ ਨੂੰ ਪੁਲਿਸ 'ਚ ਕੀਤਾ ਗਿਆ ਸ਼ਾਮਿਲ

- ਦੁਨੀਆ ਦੀ ਸਭ ਤੋਂ ਵੱਡੀ ਮਰਦਮਸ਼ੁਮਾਰੀ ਦਾ ਪਹਿਲਾ ਗੇੜ੍ਹ ਭਲਕੇ ਪਹਿਲੀ ਅਪ੍ਰੈਲ ਤੋਂ ਪੰਜਾਬ ਸਮੇਤ ਦੇਸ਼ ਦੇ ਕੁਝ ਰਾਜਾਂ ਵਿੱਚ ਸ਼ੁਰੂ ਹੋਵੇਗਾ ।

## <u>ਹੁਣ ਖਬਰਾਂ ਵਿਸਥਾਰ ਨਾਲ</u>

ਦੇਸ਼ ਭਰ ਵਿੱਚ ਪਾਇਪਲਾਇਨ ਵਾਲੀ ਕੁਦਰਤੀ ਗੈਸ - PNG ਦੇ ਪਸਾਰ ਵਿੱਚ ਤੇਜ਼ੀ ਬਣਾਈ ਰੱਖਣ ਲਈ, ਸਰਕਾਰ ਨੇ ਰਾਸ਼ਟਰੀ PNG ਮੁਹਿੰਮ ਦੇ ਦੂਜੇ ਗੇੜ ਨੂੰ ਇਸ ਸਾਲ 30 ਜੂਨ ਤੱਕ ਵਧਾ ਦਿੱਤਾ ਏ। ਪੈਟਰੋਲੀਅਮ ਅਤੇ ਕੁਦਰਤੀ ਗੈਸ ਮੰਤਰਾਲੇ ਨੇ ਕਿਹਾ ਏ ਕਿ ਮਾਰਚ ਮਹੀਨੇ ਦੌਰਾਨ, ਘਰੇਲੂ, ਵਪਾਰਕ, ਹੋਸਟਲ, ਮੈੱਸ ਅਤੇ ਕੰਟੀਨ ਸਮੇਤ 3 ਲੱਖ 10 ਹਜ਼ਾਰ ਤੋਂ ਵੱਧ ਕੁਨੈਕਸ਼ਨ ਦਿੱਤੇ ਗਏ ਨੇ । ਇਸ ਤੋਂ ਇਲਾਵਾ, 2 ਲੱਖ 70 ਹਜ਼ਾਰ ਤੋਂ ਵੱਧ ਨਵੇਂ ਕੁਨੈਕਸ਼ਨ ਵੀ ਦਿੱਤੇ ਗਏ ਨੇ। ਮੰਤਰਾਲੇ ਨੇ ਕਿਹਾ ਕਿ ਪਹਿਲੀ

ਮਾਰਚ ਤੋਂ ਲੈ ਕੇ ਹੁਣ ਤੱਕ ਔਸਤਨ ਹਰ ਦਿਨ 5 ਲੱਖ ਤੋਂ ਵੱਧ ਘਰੇਲੂ LPG ਸਿਲੰਡਰ ਵੰਡੇ ਗਏ ਨੇ। ਸਰਕਾਰ ਨੇ ਇੱਕ ਵਾਰ ਫਿਰ ਭਰੋਸਾ ਦਿੱਤਾ ਏ ਕਿ ਦੇਸ਼ ਵਿੱਚ ਪੈਟਰੋਲ, ਡੀਜ਼ਲ, LPG ਅਤੇ PNG ਦਾ ਢੁਕਵਾਂ ਭੰਡਾਰ ਏ। ਇਸਦੇ ਨਾਲ ਹੀ ਅਫਵਾਹਾਂ ਨੂੰ ਰੋਕਣ ਲਈ, ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਨੂੰ ਪ੍ਰੈਸ ਕਾਨਫਰੰਸ ਰਾਹੀਂ ਸਹੀ ਜਾਣਕਾਰੀ ਦੇਣ ਦੀ  ਅਪੀਲ ਕੀਤੀ ਗਈ ਏ।

------------------------------------------------------------------

ਕੇਂਦਰ ਸਰਕਾਰ ਨੇ ਮਾਲੀ ਸਾਲ 2025-26 ਦੌਰਾਨ ਪੰਜਾਬ ਸਮੇਤ 8 ਰਾਜਾਂ ਵਿੱਚ ਦਿਹਾਤੀ ਸਥਾਨਕ ਸੰਸਥਾਵਾਂ ਨੂੰ 15 ਵੇਂ ਵਿੱਤ ਕਮਿਸ਼ਨ ਨਾਲ ਜੁੜੀਆਂ ਗ੍ਰਾਂਟਾਂ ਜਾਰੀ ਕੀਤੀਆਂ ਨੇ. ਜਾਰੀ ਕੀਤੀਆਂ ਗਈਆਂ ਇਹਨਾਂ ਗ੍ਰਾਂਟਾਂ ਦੀ ਸਿਫ਼ਾਰਸ਼ ਕੀਤੀ ਜਾਂਦੀ ਏ ਅਤੇ ਇੱਕ ਮਾਲੀ ਸਾਲ ‘ਚ 2 ਕਿਸ਼ਤਾਂ ਵਿੱਚ ਜਾਰੀ ਕੀਤੀ ਜਾਂਦੀ ਏ । ਗ੍ਰਾਂਟਾਂ ਦੀ ਵਰਤੋਂ ਪੰਚਾਇਤੀ ਰਾਜ ਸੰਸਥਾਵਾਂ ਤੇ ਦਿਹਾਤੀ ਸਥਾਨਕ ਸੰਸਥਾਵਾਂ ਵਲੋਂ ਤਨਖਾਹਾਂ ਅਤੇ ਹੋਰ ਖਰਚਿਆਂ ਨੂੰ ਛੱਡ ਕੇ ਸਥਾਨ-ਵਿਸ਼ੇਸ਼ ਜ਼ਰੂਰਤਾਂ ਲਈ ਕੀਤੀ ਜਾਵੇਗੀ। ਅਧਿਕਰਿਤ

ਹਲਕਿਆਂ ਦੇ ਹਵਾਲੇ ਨਾਲ, ਸਾਡੇ ਪੱਤਰਕਾਰ ਨੇ ਖਬਰ ਦਿੱਤੀ ਏ ਕਿ ਪੰਜਾਬ ਲਈ, ਕੇਂਦਰ ਵਲੋਂ ਮਾਲੀ ਸਾਲ 2025-26 ਲਈ ਦੂਜੀ ਕਿਸ਼ਤ ਵਜੋਂ 332.46 ਕਰੋੜ ਰੁਪਏ ਜਾਰੀ ਕੀਤੇ ਗਏ ਨੇ. ਇਹ ਗ੍ਰਾਂਟ 13 ਹਜ਼ਾਰ ਤੋਂ ਵੱਧ ਯੋਗ ਗ੍ਰਾਮ ਪੰਚਾਇਤਾਂ, ਸਾਰੀਆਂ 150 ਬਲਾਕ ਪੰਚਾਇਤਾਂ ਅਤੇ ਸਾਰੀਆਂ 22 ਜ਼ਿਲ੍ਹਾ ਪੰਚਾਇਤਾਂ ਨੂੰ ਦਿੱਤੀ ਜਾਵੇਗੀ। ਇਹਨਾਂ ਗ੍ਰਾਂਟਾਂ ਦੀ ਵਰਤੋਂ ਸਫਾਈ ਅਤੇ ਖੁੱਲੇ ‘ਚ ਪਖਾਨਾ ਮੁਕਤ ODF ਦਰਜੇ ਦੇ ਰੱਖ-ਰਖਾਅ ਦੀਆਂ ਬੁਨਿਆਦੀ ਸੇਵਾਵਾਂ ਲਈ ਕੀਤੀ ਜਾ ਸਕਦੀ ਏ ਅਤੇ ਇਸ ਵਿੱਚ ਘਰੇਲੂ ਰਹਿੰਦ-ਖੂੰਹਦ ਦੇ ਪ੍ਰਬੰਧ ਅਤੇ ਇਸਨੂੰ ਸਾਫ਼ ਕਰਨ ਅਤੇ ਪੀਣ ਵਾਲੇ ਪਾਣੀ ਦੀ ਸਪਲਾਈ, ਮੀਂਹ ਦੇ ਪਾਣੀ ਦੀ ਸੰਭਾਲ ਅਤੇ ਪਾਣੀ ਦੀ ਰੀਸਾਈਕਲਿੰਗ ਸ਼ਾਮਲ ਹੋਣੀ ਚਾਹੀਦੀ ਏ । ਹੋਰ 7 ਰਾਜ ਜਿਨ੍ਹਾਂ ਲਈ ਗ੍ਰਾਂਟਾਂ ਜਾਰੀ ਕੀਤੀਆਂ ਗਈਆਂ ਨੇ, ਉਨ੍ਹਾਂ ਵਿੱਚ ਛੱਤੀਸਗੜ੍ਹ, ਗੁਜਰਾਤ, ਮੱਧ ਪ੍ਰਦੇਸ਼, ਸਿੱਕਮ, ਹਿਮਾਚਲ ਪ੍ਰਦੇਸ਼, ਓਡੀਸ਼ਾ ਅਤੇ ਤ੍ਰਿਪੁਰਾ ਸ਼ਾਮਲ ਨੇ

---------------------------------------------------------------

ਭਾਰਤ ਦੇ ਚੋਣ ਕਮਿਸ਼ਨਰ, ਡਾ. ਐਸ.ਐਸ. ਸੰਧੂ ਨੇ ਅੱਜ ਪੰਜਾਬ ਸੂਬੇ ਦੀ ਵਿਸ਼ੇਸ਼ ਗਹਿਨ ਸੋਧ ਦੀ ਨਿਸ਼ਾਨਦੇਹੀ, (ਪ੍ਰੀ-ਐਸ.ਆਈ.ਆਰ.) ਮੈਪਿੰਗ ਅੰਕੜਿਆਂ ਦੀ ਪ੍ਰਗਤੀ ਦਾ ਜਾਇਜ਼ਾ ਲਿਆ. ਮੁੱਖ ਚੋਣ ਅਧਿਕਾਰੀ, ਪੰਜਾਬ, ਸ਼੍ਰੀਮਤੀ ਅਨਿੰਦਿਤਾ ਮਿੱਤਰਾ ਨੇ ਉਨ੍ਹਾਂ ਨੂੰ ਦੱਸਿਆ ਕਿ ਰਾਜ ਵਿੱਚ ਪ੍ਰੀ-ਐਸ.ਆਈ.ਆਰ. ਗਤੀਵਿਧੀ ਤਹਿਤ ਕੁੱਲ ਵੋਟਰਾਂ ਵਿੱਚੋਂ 72.26 ਫੀਸਦੀ ਦੀ ਸਫਲਤਾ ਨਾਲ ਮੈਪਿੰਗ ਕੀਤੀ ਗਈ ਏ। ਉਨ੍ਹਾਂ ਕਿਹਾ ਕਿ ਉਨ੍ਹਾਂ ਦਾ ਵਿਭਾਗ ਨਿਯਮਿਤ ਤੌਰ 'ਤੇ ਪ੍ਰੀ-ਐਸ.ਆਈ.ਆਰ. ਮੈਪਿੰਗ ਦੀ ਸਮੀਖਿਆ ਕਰ ਰਿਹਾ ਏ ਅਤੇ ਜ਼ਿਲ੍ਹਾ ਚੋਣ ਅਧਿਕਾਰੀਆਂ ਨੂੰ ਵੋਟ ਕੇਂਦਰ ਵਾਰ ਨਿਗਰਾਨੀ ਯਕੀਨੀ ਬਣਾਉਣ ਲਈ ਵੀ ਕਿਹਾ ਗਿਆ ਏ। ਸਾਡੇ ਪੱਤਰਕਾਰ ਨੇ ਖਬਰ ਦਿੱਤੀ ਏ ਕਿ ਸ਼੍ਰੀ ਸੰਧੂ, ਜੋ ਕਿ ਜਲੰਧਰ ਦੇ ਇੱਕ ਦਿਨ ਦੇ ਦੌਰੇ 'ਤੇ ਸਨ, ਨੇ ਜਲੰਧਰ ਅਤੇ ਕਪੂਰਥਲਾ ਦੇ ਡਿਪਟੀ ਕਮਿਸ਼ਨਰਾਂ-ਕਮ-ਜ਼ਿਲ੍ਹਾ ਚੋਣ ਅਧਿਕਾਰੀਆਂ ਅਤੇ ਹੋਰ ਸਬੰਧਤ ਅਧਿਕਾਰੀਆਂ ਨਾਲ ਗੱਲਬਾਤ ਕਰਦਿਆਂ ਮੈਪਿੰਗ ਨਾਲ ਸਬੰਧਤ ਚੁਣੌਤੀਆਂ ਅਤੇ ਹੱਲਾਂ 'ਤੇ ਚਰਚਾ ਕੀਤੀ। ਉਨ੍ਹਾਂ ਨੇ ਈ.ਆਰ.ਓਜ਼ ਨੂੰ ਇਸ ਮਹੱਤਵਪੂਰਨ

ਕੰਮ ਨੂੰ ਪਹਿਲ ਦੇ ਆਧਾਰ 'ਤੇ ਪੂਰਾ ਕਰਨ ਦੇ ਨਿਰਦੇਸ਼ ਦਿੱਤੇ। ਇਸ ਤੋਂ ਇਲਾਵਾ, ਉਨ੍ਹਾਂ ਅਧਿਕਾਰੀਆਂ ਨੂੰ ਅਜਿਹੇ ਬੀ.ਐਲ.ਓਜ਼ ਨਾਲ ਸੰਪਰਕ ਕਰਨ ਅਤੇ ਉਨ੍ਹਾਂ ਨੂੰ ਪ੍ਰੇਰਿਤ ਕਰਨ ਲਈ ਕਿਹਾ, ਜਿਨ੍ਹਾਂ ਦੀ ਕਾਰਗੁਜ਼ਾਰੀ ਘੱਟ ਏ ਤਾਂ ਜੋ ਮੈਪਿੰਗ ਨੂੰ ਤੇਜ਼ ਕਰਕੇ ਨਿਰਧਾਰਤ ਟੀਚਾ ਪ੍ਰਾਪਤ ਕੀਤਾ ਜਾ ਸਕੇ।

-------------------------------------------------------------

ਪੰਜਾਬ ਸਰਕਾਰ ਜਲਦ ਹੀ ਪੰਜਾਬ ਪੁਲਿਸ ਦੀ ਕੁਸ਼ਲਤਾ ਵਧਾਉਣ ਲਈ ਆਰਟੀਫੀਸ਼ੀਅਲ ਇੰਟੈਲੀਜੈਂਸ ਦੀ ਵਰਤੋਂ ਸ਼ੁਰੂ ਕਰੇਗੀ। ਇਹ ਪਹਿਲ ਸੂਬਾ ਪੁਲਿਸ ਨੂੰ ਦੇਸ਼ ਵਿੱਚ ਇੱਕ ਮੋਹਰੀ ਬਲ ਬਣਾਉਣ ਅਤੇ ਵਿਗਿਆਨਕ ਤਰੀਕਿਆਂ ਰਾਹੀਂ ਕਾਨੂੰਨ ਵਿਵਸਥਾ ਨੂੰ ਮਜ਼ਬੂਤ ਕਰਨ ਦੇ ਯੋਗ ਬਣਾਏਗੀ । ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸੂਬੇ ਵਿੱਚ ਬਿਹਤਰ ਪੁਲਿਸਿੰਗ ਲਈ ਪੁਲਿਸ ਦੇ ਆਧੁਨਿਕੀਕਰਨ ਦੀ ਗੱਲ ਕਰਦਿਆਂ, ਅੱਜ ਸੰਗਰੂਰ ਵਿੱਚ 508 ਹੰਗਾਮੀ ਪ੍ਰਤੀਕਰਮ ਵਾਹਨਾਂ (ERVs) ਨੂੰ ਹਰੀ ਝੰਡੀ ਦੇ ਕੇ ਰਵਾਨਾ ਕੀਤਾ, ਤਾਂ ਜੋ ਸੂਬੇ ਭਰ ਵਿੱਚ ਜ਼ਮੀਨੀ ਪੁਲਿਸਿੰਗ ਨੂੰ ਕਾਫ਼ੀ ਮਜ਼ਬੂਤ ਕੀਤਾ ਜਾ ਸਕੇ। ਇਸ ਵਾਧੇ ਦੇ ਨਾਲ, ਬੇੜੇ

ਵਿੱਚ ਕੁੱਲ 764 ਵਾਹਨ ਹੋ ਗਏ ਨੇ ਜੋ ਸਾਰੇ 28 ਪੁਲਿਸ ਜ਼ਿਲ੍ਹਿਆਂ ਵਿੱਚ ਤਾਇਨਾਤ ਕੀਤੇ ਜਾ ਰਹੇ ਨੇ, ਜੋ ਐਮਰਜੈਂਸੀ ਫੋਨ ਨੰਬਰ - 112 'ਤੇ ਡਾਇਲ ਕਰਨ ਰਾਹੀਂ ਨਾਗਰਿਕਾਂ ਨੂੰ ਤੁਰੰਤ ਸਹਾਇਤਾ ਪ੍ਰਦਾਨ ਕਰਦੇ ਨੇ. ਇਹ ਸਾਰੇ ਵਾਹਨ GPS ਟਰੈਕਰ, ਡੈਸ਼ ਕੈਮਰੇ ਅਤੇ ਮੋਬਾਈਲ ਡਾਟਾ ਸਿਸਟਮ ਸਮੇਤ ਅਤਿ – ਆਧੁਨਿਕ ਤ੍ਕਨੋਲ੍ਜੀਆਂ ਨਾਲ ਲੈਸ ਨੇ. ਉਨ੍ਹਾਂ ਐਲਾਨ ਕੀਤਾ ਕਿ ਪੰਜਾਬ ਹੁਣ ਅਮਰੀਕਾ ਅਤੇ ਯੂਰਪ ਵਰਗੇ ਵਿਕਸਿਤ ਦੇਸ਼ਾਂ ਦੇ ਬਰਾਬਰ ਸਿਰਫ਼ ਛੇ ਮਿੰਟਾਂ ਵਿੱਚ ਪੁਲਿਸ ਸਹਾਇਤਾ ਪ੍ਰਦਾਨ ਕਰੇਗਾ।

---------------------------------------------------------------------

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਨੰਗਲ ਨੂੰ ਆਧੁਨਿਕ ਬੁਨਿਆਦੀ ਢਾਂਚੇ, ਹੁਨਰ ਵਿਕਾਸ ਅਤੇ ਸੈਰ-ਸਪਾਟੇ ਦੇ ਕੇਂਦਰ ਵਿੱਚ ਬਦਲਣ ਲਈ ਕੀਤੇ ਜਾ ਰਹੇ ਯਤਨਾਂ ਦਰਮਿਆਨ, 75 ਕਰੋੜ ਰੁਪਏ ਦੇ ਵਿਕਾਸ ਪੈਕੇਜ ਦੀ ਵੀ ਸ਼ੁਰੂਆਤ ਕੀਤੀ. ਇਸ ਵਿੱਚ ਉੱਤਰੀ ਭਾਰਤ ਦਾ ਪਹਿਲਾ ਗਲਾਸ ਬ੍ਰਿਜ, ਕਾਰਗਿਲ ਸ਼ਹੀਦ ਕੈਪਟਨ ਅਮੋਲ ਕਾਲੀਆ ਦੇ ਨਾਂ 'ਤੇ 23 ਕਰੋੜ ਰੁਪਏ ਦਾ ਸੈਂਟਰ ਆਫ਼ ਐਕਸੀਲੈਂਸ, ਅਤੇ ਸਿੱਖਿਆ ਬੁਨਿਆਦੀ ਢਾਂਚੇ ਵਿੱਚ

ਵੱਡੇ ਪੱਧਰ 'ਤੇ ਸਹੂਲਤਾਂ ਨੂੰ ਬਿਹਤਰ ਬਣਾਉਣਾ ਸ਼ਾਮਲ ਏ. ਇਨ੍ਹਾਂ ਪਹਿਲਕਦਮੀਆਂ ਬਾਰੇ ਐਲਾਨ ਕਰਦਿਆਂ, ਮੁੱਖ ਮੰਤਰੀ ਨੇ ਰੋਬੋਟਿਕਸ, ਇਲੈਕਟ੍ਰਿਕ ਵਾਹਨ, ਸੋਲਰ ਤਕਨਾਲੋਜੀ ਅਤੇ ਡਰੋਨ ਸਿਖਲਾਈ ਵਰਗੇ ਅਤਿ-ਆਧੁਨਿਕ ਖੇਤਰਾਂ ਵਿੱਚ ਸਨਅਤ ਮੁਤਾਬਿਕ ਹੁਨਰ ਸਿਖਲਾਈ, ਔਰਤਾਂ ਲਈ ਤਕਨੀਕੀ ਸਿੱਖਿਆ ਤੱਕ ਪਹੁੰਚ ਦਾ ਪਸਾਰ, ਅਤੇ ਪੰਜਾਬ ਦੀ ਖੇਤੀਬਾੜੀ ਜੋ ਕਿ ਸੂਬੇ ਦੀ ਰੀੜ੍ਹ ਏ ਨੂੰ ਮਜ਼ਬੂਤ ਕਰਨ ਲਈ ਭਾਖੜਾ ਨਹਿਰ ਦੇ ਬਰਾਬਰ ਵੱਡੇ ਪੱਧਰ 'ਤੇ ਪਾਣੀ ਵਧਾਉਣ ਵਰਗੇ ਕਾਰਜਾਂ ਬਾਰੇ ਐਲਾਨ ਕੀਤਾ. ਇਨ੍ਹਾਂ ਵਿਕਾਸ ਪ੍ਰੋਜੈਕਟਾਂ ਵਿੱਚੋਂ 18 ਕਰੋੜ ਰੁਪਏ ਦੀ ਲਾਗਤ ਨਾਲ ਨੰਗਲ ਵਿੱਚ ਨਵੇਂ ਵਾਟਰ ਟਰੀਟਮੈਂਟ ਪਲਾਂਟਾਂ ਦੀ ਸਥਾਪਨਾ ਸ਼ਾਮਿਲ ਏ. ਇਸ ਪ੍ਰੋਜੈਕਟ ਦੇ ਪੂਰਾ ਹੋਣ ਨਾਲ ਸ਼ਹਿਰ ਦੇ ਦੋਨੋਂ ਹਿੱਸਿਆਂ ਨੂੰ ਸਤਲੁਜ ਦਰਿਆ ਦਾ ਸ਼ੁੱਧ ਪਾਣੀ ਮੁਹੱਈਆ ਕਰਵਾਇਆ ਜਾਵੇਗਾ, ਪਾਣੀ ਦੀ ਕਮੀ ਵਾਲੇ ਖੇਤਰਾਂ ‘ਚ ਪਾਣੀ ਦੀ ਸੁਚੱਜੀ ਸਪਲਾਈ ਯਕੀਨੀ ਬਣਾਉਣ ਬਾਰੇ ਕੀਤੇ ਯਤਨਾ ‘ਤੇ ਓਹਨਾਂ ਕਿਹਾ

Byte

---------------------------------------------------------------

## ਦੁਨੀਆ ਦੀ ਸਭ ਤੋਂ ਵੱਡੀ ਮਰਦਮਸ਼ੁਮਾਰੀ ਦਾ ਪਹਿਲਾ ਗੇੜ੍ਹ ਭਲਕੇ ਪਹਿਲੀ ਅਪ੍ਰੈਲ ਤੋਂ ਪੰਜਾਬ ਸਮੇਤ ਦੇਸ਼ ਦੇ ਕੁਝ ਰਾਜਾਂ ਵਿੱਚ ਸ਼ੁਰੂ ਹੋਵੇਗਾ । ਇਹ ਦੋ ਗੇੜਾਂ ਵਿੱਚ ਕੀਤਾ ਜਾਵੇਗਾ, ਪਹਿਲਾ ਗੇੜ੍ਹ ਅਪ੍ਰੈਲ 2026 ਤੋਂ ਸ਼ੁਰੂ ਹੋਵੇਗਾ। ਪਹਿਲੀ ਵਾਰ, ਮਰਦਮਸ਼ੁਮਾਰੀ ਡਿਜੀਟਲ ਤਰੀਕੇ ਨਾਲ ਕੀਤੀ ਜਾਵੇਗੀ, ਅਤੇ ਪਹਿਲੀ ਵਾਰ, ਸਵੈ-ਗਣਨਾ ਦਾ ਵਿਕਲਪ ਵੀ ਉਪਲਬਧ ਹੋਵੇਗਾ । .ਪੇਸ਼ ਏ ਸਾਡੇ ਪੱਤਰਕਾਰ ਦੀ ਇੱਕ ਰਿਪੋਰਟ -

ਭਾਰਤ ਵਿਚ 2027 ਦੀ ਮਰਦਮ ਸ਼ੁਮਾਰੀ 15 ਸਾਲਾਂ ਦੇ ਵਕਫ਼ੇ ਤੋਂ ਬਾਅਦ ਕੀਤੀ ਜਾ ਰਹੀ ਹੈ। ਆਖਰੀ ਜਨਗਣਨਾ ਸਾਲ 2011 ਵਿੱਚ ਹੋਈ ਸੀ। ਪੰਜਾਬ ਵਿੱਚ, ਸਵੈ-ਗਣਨਾ ਯਾਨੀ ਆਪਣੇ ਆਪ ਆਪਣਾ ਡਾਟਾ ਦਰਜ ਕਰਨ ਦਾ ਕਮ 30 ਅਪ੍ਰੈਲ ਤੋਂ 14 ਮਈ ਦੇ ਵਿਚਕਾਰ ਹੋਵੇਗਾ, ਜਦੋਂ ਕਿ ਘਰ-ਸੂਚੀ ਅਤੇ ਰਿਹਾਇਸ਼ੀ ਜਨਗਣਨਾ 15 ਮਈ ਤੋਂ 13 ਜੂਨ ਦੇ ਵਿਚਕਾਰ ਹੋਵੇਗੀ। ਗੁਆਂਢੀ ਰਾਜ ਹਰਿਆਣਾ ਅਤੇ ਦੋਵਾਂ ਰਾਜਾਂ ਦੀ ਰਾਜਧਾਨੀ, ਕੇਂਦਰ ਸ਼ਾਸਤ ਪ੍ਰਦੇਸ਼ ਚੰਡੀਗੜ੍ਹ ਵਿੱਚ, ਸਵੈ-ਗਣਨਾ 16 ਅਪ੍ਰੈਲ ਤੋਂ 30 ਅਪ੍ਰੈਲ ਦੇ ਵਿਚਕਾਰ ਅਤੇ ਰਿਹਾਇਸ਼ੀ ਜਨਗਣਨਾ 1 ਤੋਂ 30 ਮਈ ਦੇ ਵਿਚਕਾਰ ਕੀਤੀ ਜਾਵੇਗੀ। ਹਿਮਾਚਲ ਪ੍ਰਦੇਸ਼ ਵਿੱਚ, ਸਵੈ-ਗਣਨਾ 1 ਤੋਂ 15 ਜੂਨ ਦੇ ਵਿਚਕਾਰ ਕੀਤੀ ਜਾਵੇਗੀ, ਜਦੋਂ ਕਿ ਰਿਹਾਇਸ਼ੀ ਮਰਦਮ ਸ਼ੁਮਾਰੀ 16 ਜੂਨ ਤੋਂ 15 ਜੁਲਾਈ ਦੇ ਵਿਚਕਾਰ ਹੋਵੇਗੀ। ਗਿਣਤੀਕਾਰ ਆਪਣੇ ਸਮਾਰਟ ਫੋਨ ਦੀ ਵਰਤੋਂ ਕਰਕੇ ਮੋਬਾਈਲ ਐਪ ਰਾਹੀਂ ਸਿੱਧਾ ਡੇਟਾ ਇਕੱਠਾ ਕਰਕੇ ਉਸਨੂੰ ਦਰਜ ਕਰਨਗੇ। ਇਸ ਤੋਂ ਇਲਾਵਾ, ਦੋਵਾਂ ਪੜਾਵਾਂ ਵਿੱਚ ਸਵੈ-ਗਣਨਾ ਲਈ ਇੱਕ

ਔਨਲਾਈਨ ਪੋਰਟਲ ਦਾ ਵੀ ਪ੍ਰਬੰਧ ਕੀਤਾ ਗਯਾ ਏ। ਮੋਬਾਈਲ ਅੱਪਲੀਕੈਸ਼ਨ ਦੇ ਨਾਲ-ਨਾਲ ਸਵੈ-ਗਣਨਾ ਪੋਰਟਲ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਸਮੇਤ 16 ਭਾਸ਼ਾਵਾਂ ਵਿੱਚ ਉਪਲਬਧ ਹੋਵੇਗਾ।

----------------------------------------------------------------

ਪੰਜਾਬ ਕੱਲ੍ਹ ਪਹਿਲੀ ਅਪ੍ਰੈਲ ਤੋਂ ਸ਼ੁਰੂ ਹੋ ਰਹੇ ਖਰੀਦ ਰੁਤ ਦੌਰਾਨ, 122 ਲੱਖ ਮੀਟਰਿਕ ਟਨ ਦੇ ਟੀਚੇ ਦੇ ਮੁਕਾਬਲੇ 132 ਲੱਖ ਮੀਟਰਿਕ ਟਨ ਕਣਕ ਖਰੀਦਣ ਲਈ ਤਿਆਰ ਏ, ਜਿਸ ਲਈ ਘੱਟੋ-ਘੱਟ ਸਮਰਥਨ ਮੁੱਲ (MSP) 2585 ਰੁਪਏ ਪ੍ਰਤੀ ਕੁਇੰਟਲ ਨਿਰਧਾਰਤ ਕੀਤਾ ਗਿਆ ਏ । ਖਰੀਦ ਲਈ ਕੀਤੇ ਗਏ ਪ੍ਰਬੰਧਾਂ 'ਤੇ ਵਿਚਾਰ ਕਰਦੇ ਹੋਏ, ਸੂਬੇ ਦੇ ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਮੰਤਰੀ, ਲਾਲ ਚੰਦ ਕਟਾਰੂਚੱਕ ਨੇ ਕਿਹਾ ।

BYTE

ਕੱਲ੍ਹ ਜ਼ਿਲ੍ਹਾ ਖੁਰਾਕ ਸਪਲਾਈ ਕੰਟਰੋਲਰਾਂ ਨਾਲ ਇੱਕ ਸਮੀਖਿਆ ਮੀਟਿੰਗ ਦੌਰਾਨ, ਉਨ੍ਹਾਂ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉਹ ਖਾਸ ਕਰਕੇ ਸੂਬੇ ਦੇ ਸਰਹੱਦੀ ਜ਼ਿਲ੍ਹਿਆਂ ਵਿੱਚ ਕਰੜੀ ਨਜ਼ਰ

ਰੱਖਣ, ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਪੰਜਾਬ ਤੋਂ ਬਾਹਰੋਂ ਆਈ ਕਣਕ ਸੂਬੇ ਦੀਆਂ ਮੰਡੀਆਂ ਵਿੱਚ ਨਾ ਵੇਚੀ ਜਾਵੇ।

--------------------------------------------------------------------

ਇਸ ਸਾਲ ਮਾਰਚ ਮਹੀਨੇ ਵਿੱਚ ਪੰਜਾਬ ਸੂਬੇ ਵਿੱਚ 17.2 ਮਿਲੀਮੀਟਰ ਬਾਰਿਸ਼ ਹੋਈ ਏ, ਜੋ ਕਿ ਆਮ ਨਾਲੋਂ 24 ਫੀਸਦੀ ਘੱਟ ਏ. ਮਾਰਚ ਮਹੀਨੇ ਲਈ ਪੰਜਾਬ ਵਿੱਚ ਪਿਆ ਆਮ ਮੀਂਹ 22.5 ਮਿਲੀਮੀਟਰ ਸੀ । ਅਧਿਕਾਰਤ ਹਲਕਿਆਂ ਮੁਤਾਬਿਕ 2000 ਤੋਂ ਲੈ ਕੇ ਮੌਜੂਦਾ ਸਾਲ ਤੱਕ ਪਿਛਲੇ 26 ਸਾਲਾਂ ਵਿੱਚ ਮਾਰਚ ਮਹੀਨੇ ਵਿੱਚ ਪੰਜਾਬ ਵਿੱਚ ਕਈ ਵਾਰ ਘੱਟ ਬਾਰਿਸ਼ ਹੋਈ ਏ. ਹਾਲਾਂਕਿ, ਸਾਲ 2020 ਦੇ ਮਾਰਚ ਮਹੀਨੇ ਵਿੱਚ, ਇਨ੍ਹਾਂ ਸਾਰੇ ਸਾਲਾਂ ਦੌਰਾਨ ਸਭ ਤੋਂ ਵੱਧ 80 ਮਿਲੀਮੀਟਰ ਬਾਰਿਸ਼ ਹੋਈ ਸੀ।

--------------------------------------------------------------------

- ਸਰਕਾਰ ਨੇ ਰਾਸ਼ਟਰੀ ਪਾਇਪਲਾਇਨ ਕੁਦਰਤੀ ਗੈਸ PNG ਮੁਹਿੰਮ ਦੇ ਦੂਜੇ ਗੇੜ੍ਹ ਨੂੰ ਇਸ ਸਾਲ 30 ਜੂਨ ਤੱਕ ਵਧਾ ਦਿੱਤਾ ਏ।

- ਕੇਂਦਰ ਸਰਕਾਰ ਨੇ ਮਾਲੀ ਸਾਲ 2025-26 ਦੌਰਾਨ ਪੰਜਾਬ ਸਮੇਤ 8 ਰਾਜਾਂ ਵਿੱਚ ਦਿਹਾਤੀ ਸਥਾਨਕ ਸੰਸਥਾਵਾਂ ਨੂੰ 15 ਵੇਂ ਵਿੱਤ ਕਮਿਸ਼ਨ ਨਾਲ ਜੁੜੀਆਂ ਗ੍ਰਾਂਟਾਂ ਜਾਰੀ ਕੀਤੀਆਂ.

- ਭਾਰਤ ਦੇ ਚੋਣ ਕਮਿਸ਼ਨਰ, ਡਾ. ਐਸ.ਐਸ. ਸੰਧੂ ਨੇ ਅੱਜ ਪੰਜਾਬ ਸੂਬੇ ਦੀ ਵਿਸ਼ੇਸ਼ ਗਹਿਨ ਸੋਧ ਦੀ ਨਿਸ਼ਾਨਦੇਹੀ ਦੇ ਅੰਕੜਿਆਂ ਦੀ ਪ੍ਰਗਤੀ ਦਾ ਜਾਇਜ਼ਾ ਲਿਆ. ਪੰਜਾਬ ਵਿਚ ਕੁੱਲ ਵੋਟਰਾਂ ਵਿੱਚੋਂ 72.26 ਫੀਸਦੀ ਦੀ ਸਫਲ ਮੈਪਿੰਗ ਕੀਤੀ ਗਈ।

- ਪੰਜਾਬ ਸਰਕਾਰ ਦੀ ਜਲਦ ਹੀ ਪੰਜਾਬ ਪੁਲਿਸ ਦੀ ਕੁਸ਼ਲਤਾ ਵਧਾਉਣ ਲਈ ਆਰਟੀਫੀਸ਼ੀਅਲ ਇੰਟੈਲੀਜੈਂਸ ਦੀ ਵਰਤੋਂ ਸ਼ੁਰੂ ਕਰਨ ਦੀ ਯੋਜਨਾ. 508 ਹੰਗਾਮੀ ਪ੍ਰਤੀਕਰਮ ਵਾਹਨਾਂ ਨੂੰ ਪੁਲਿਸ ‘ਚ ਕੀਤਾ ਗਿਆ ਸ਼ਾਮਿਲ

- ਦੁਨੀਆ ਦੀ ਸਭ ਤੋਂ ਵੱਡੀ ਮਰਦਮਸ਼ੁਮਾਰੀ ਦਾ ਪਹਿਲਾ ਗੇੜ੍ਹ ਭਲਕੇ ਪਹਿਲੀ ਅਪ੍ਰੈਲ ਤੋਂ ਪੰਜਾਬ ਸਮੇਤ ਦੇਸ਼ ਦੇ ਕੁਝ ਰਾਜਾਂ ਵਿੱਚ ਸ਼ੁਰੂ ਹੋਵੇਗਾ।

---------------------------------------------------------------

**ਇਸਦੇ ਨਾਲ  ਖਬਰਾਂ ਦਾ ਇਹ ਬੁਲੇਟਿਨ ਖਤਮ ਹੋਇਆ, ਰਾਸ਼ਟਰੀ ਖਬਰਾਂ ਦਾ ਅਗਲਾ  ਬੁਲੇਟਿਨ ਤੁਸੀਂ ਸੁਣੋਗੇ  7 ਵੱਜਕੇ  30  ਮਿੰਟ  'ਤੇ**

**ਨਮਸਕਾਰ  !**